This Question Paper consists of **24** questions and **5** printed pages.
ਇਸ ਪ੍ਰਸ਼ਨ-ਪੱਤਰ ਵਿੱਚ **24** ਪ੍ਰਸ਼ਨ ਅਤੇ **5** ਮੁਦਰਿਤ ਪੰਨੇ ਹਨ ।

**Roll No.**
**ਰੋਲ ਨੰ: ਅੰਕਾਂ ਵਿਚ** | | | | | | | | | | | | |

**Code No.**
**ਕੋਡ ਨੰ.** **64/SS/O/P**

**Set A**

# PUNJABI
# ਪੰਜਾਬੀ
# (310)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿੱਤੀ** ____________________

**Signature of Invigilators**
**ਨਿਰੀਖਕਾਂ ਦੇ ਦਸਖ਼ਤ**
**1.** ____________________
**2.** ____________________

---

**ਆਮ ਨਿਰਦੇਸ਼ :**

**1.** ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।

**2.** ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉਤੱਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।

**3.** ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾ ਦੇ ਚਾਰ ਵਿਕਲਪ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ। ਸਾਰੇ ਪ੍ਰਸ਼ਨ ਪੱਤਰ ਵਿੱਚ ਆਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀ ਦਿੱਤਾ ਜਾਵੇਗਾ।

**4.** ਕੋਈ ਵੀ ਨਿਸ਼ਾਨ ਜਾ ਰੋਲ ਨੰਬਰ ਉਤੱਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।

**5.** ਉਤੱਰ ਪੁਸਤਿਕਾ ਦੇ ਪ੍ਰਸ਼ਨ ਪੁਸਤਿਕਾ ਦਾ ਨੰਬਰ **64/SS/O/P-A** ਜ਼ਰੂਰ ਲਿਖੋ।



Unnati Educations
9899436384, 9654279279

# PUNJABI
# ਪੰਜਾਬੀ
# (310)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁਲ ਅੰਕ : **100**

---

**ਨੋਟ :** (i) **ਸਾਰੇ** ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ। ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ।

(ii) ਪ੍ਰਸ਼ਨ ਸੰਖਿਆਂ ਨੰਬਰ (**24**) ਦੇ ਦੋ ਵਿਕਲੱਪ ਹਨ, ਕਿਸੇ **ਇੱਕ** ਵਿਕਲੱਪ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ।

(iii) ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।

---

**ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਇੱਕ ਵਾਕ ਵਿੱਚ ਲਿਖੋ।** **8x1=8**

**1.** ਫ਼ੀਰੋਜ਼ਦੀਨ ਸ਼ਰਫ਼ ਦੀ ਕਿਹੜੀ ਕਵਿਤਾ ਤੁਹਾਡੇ 'ਪਾਠ ਕਰਮ' ਵਿੱਚ ਦਰਜ ਹੈ ?

**2.** 'ਭੂਆ' ਕਹਾਣੀ ਦਾ ਕਹਾਣੀਕਾਰ ਕੌਣ ਹੈ ?

**3.** 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਭੈਣ ਅਨੁਸਾਰ ਵਾਹਿਗੁਰੂ ਤੋਂ ਕੌਣ ਡਰਦਾ ਹੈ ਤੇ ਕੌਣ ਨਹੀਂ ?

**4.** ਸਾਖੀ ਨਾਇਕ ਬਾਬਾ ਨਾਨਕ ਕਿਸ ਦਰਿਆ ਵਿੱਚ ਨਹਾਉਣ ਲਈ ਗਏ ?

**5.** ਭਾਈ ਘਨ੍ਹਈਆਂ ਜੀ ਨੇ ਜੰਗ ਦੇ ਮੈਦਾਨ ਵਿੱਚ ਕਿਸ ਰੰਗ ਦਾ ਝੰਡਾ ਪਕੜਿਆ ਹੋਇਆ ਸੀ ?

**6.** ਪੰਜਾਬੀ ਗਾਇਕੀ ਦੀ ਪੁਰਾਣੀ ਗਾਇਕੀ ਪਰੰਪਰਾ ਕਿਹੜੀ ਸੀ ?

**7.** ਵਰਤਮਾਨ ਗੁਰਮੁਖੀ ਲਿੱਪੀ ਵਿੱਚ ਕਿੰਨੇ ਅੱਖਰ ਹਨ ?

**8.** ਗੁਰਮੁਖੀ ਲਿੱਪੀ ਵਿੱਚ ਕਿੰਨੇ ਸਵਰ ਅੱਖਰ ਹਨ ਅਤੇ ਕਿਤਨੇ ਵਿਅੰਜਨ ਹਨ ?



Unnati Educations
9899436384, 9654279279

**ਹੇਠ ਲਿਖੇ ਪ੍ਰਸ਼ਨਾ ਦੇ ਉਤੱਰਾਂ ਲਈ ਸਹੀ ਵਿਕਲੱਪ ਚੁਣਕੇ ਆਪਣੀ ਉਤੱਰ ਪੁਸਤਕਾ ਵਿੱਚ ਲਿਖੋ :** **10x1=10**

**9.** " ਇਸ ਜ਼ਰਖੇਜ਼ ਜਮੀਨ ਦੇ, ਨੂੰ ਲੂੰ ਫੁੱਟਿਆਂ ਜ਼ਹਿਰ" ਅੰਮ੍ਰਿਤਾ ਪ੍ਰੀਤਮ ਨੂੰ ਜ਼ਰਖੇਜ ਜ਼ਮੀਨ ਕਿਸ ਨੂੰ ਕਿਹਾ ਹੈ ?

(A) ਦਿੱਲੀ ਨੂੰ (B) ਪਾਕਿਸਤਾਨ ਨੂੰ (C) ਪੰਜਾਬ ਨੂੰ (D) ਭਾਰਤ ਨੂੰ

**10.** ਡਾ: ਜਗਤਾਰ ਦੀ ਕਵਿਤਾ "ਔਰਤ ਦੀ ਹੱਕ ਤਲਫ਼ੀ" ਕਵੀ ਪਾਤਰ ਨੂੰ ਕਿਸ ਨੇ ਗੋਦ ਲਿਆ :

(A) ਉਸ ਦੀ ਮਾਸੀ ਨੇ (B) ਉਸ ਦੀ ਮਾਮੀ ਨੇ (C) ਉਸ ਦੀ ਚਾਚੀ ਨੇ (D) ਉਸ ਦੀ ਤਾਈ ਨੇ ।

**11.** 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਬੱਚਿਆਂ ਨੂੰ ਕਿਸ ਤੋਂ ਡਰ ਲਗਦਾ ਹੈ ?

(A) ਗੁੰਨਸਾਨ ਥਾਂ ਤੋਂ (B) ਜੰਗਲਾ ਤੋਂ (C) ਰਾਸ਼ੇ ਤੋਂ (D) ਪਠਾਣ ਤੋਂ

**12.** ਭਾਈ ਘਨ੍ਹਈਆ ਜੀ ਦੀ ਸਾਖੀ ਕਿਸ ਯੁੱਧ ਨਾਲ ਸੰਬੰਧਤ ਹੈ ?

(A) ਚਮਕੌਰ ਦਾ ਯੁੱਧ (B) ਬੰਗਾਣੀ ਦਾ ਯੁੱਧ (C) ਸਰਸੇ ਦਾ ਯੁੱਧ (D) ਚੱਪਰ ਚਿੱੜ ਦਾ ਯੁੱਧ

**13.** ਮੇਲਾ ਸ਼ਬਦ ਦਾ ਸਹੀ ਵਿਕਲਪ ਕੀ ਹੈ ?

(A) ਮੁਲਾ ਕਾਤਾ (B) ਮਿਲਣੀ (C) ਮੇਲ ਮਿਲਾਪ (D) ਗੁਫ਼ਤਗੂ

**14.** ਇਕਾਂਗੀ ਪਾਠ ਵਿੱਚ ਕੁਲਦੀਪ ਰੇਲ ਹਾਦਸੇ ਸਮੇਂ ਕਿਸ ਦਾ ਅਟੈਚੀ ਚੋਰੀ ਕਰ ਲਿਆ ਉਂਦਾ ਹੈ ?

(A) ਮਰ ਚੁੱਕੇ ਸੇਠ ਦਾ (B) ਕਿਸੇ ਬੁੱਢੇ ਦਾ (C) ਰਾਮੂ ਦਾ (D) ਇੱਕ ਔਰਤ ਦਾ

**15.** 'ਭਾਈ ਘਨ੍ਹਈਆ ਜੀ' ਇਕਾਂਗੀ ਦਾ ਮੁੱਖ ਪਾਤਰ ਕੌਣ ਹੈ ?

(A) ਮਨਜੀਤ (B) ਆਵਾਜ਼ (C) ਬਾਬਾ ਜੀ (D) ਇਨ੍ਹਾਂ ਵਿੱਚੋਂ ਕੋਈ ਨਹੀਂ

**16.** ਹੇਠ ਲਿਖੇ ਵਿੱਕਲਪਾਂ ਵਿੱਚੋਂ ਸ਼ਬਦਾ ਦੇ ਸਹੀ ਵਿਰੋਧੀ ਅਰਥ ਦੇਣ ਵਾਲਾ ਸ਼ਬਦ ਚੁਣੋ :

**ਖਰਾ**

(A) ਦੁਰੱਸਤ (B) ਖੋਟਾ (C) ਠੀਕ (D) ਖਰੀ

**17.** ਪ੍ਰਕਾਸ਼ ਸ਼ਬਦ ਦਾ ਸਹੀ ਵਿਕਲਪ ਹੈ :

(A) ਅੰਧਕਾਰ (B) ਹਨੇਰਾ (C) ਥਲਾਅ (D) ਰੋਸ਼ਨੀ

**18.** ਹੇਠ ਲਿਖੇ ਵਾਕ ਵਿੱਚ ਸ਼ਬਦ ਦਾ ਸਹੀ ਵਿਪਰੀਤਾਰਥਕ ਸ਼ਬਦ ਚੁਣ ਕੇ ਖਾਲੀ ਥਾਂ ਤੇ ਲਿਖੋ :

ਮੈ ਨੂੰ ਹਮੇਸ਼ਾ ਹੀ ਤੇਰੇ ਕੋਲੋਂ ਉਮੀਦ ਰਹੀ ਹੈ ਇਸ ਲਈ _____ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ ?

(A) ਆਸ (B) ਨਾ-ਉਮੀਦੀ (C) ਤਾਂਘ (D) ਨਿਆਸ



Unnati Educations
9899436384, 9654279279

19. ਹੇਠ ਲਿਖੇ ਪ੍ਰਸ਼ਨਾ ਦੇ ਉਤੱਰ ਆਪਣੀ ਪਾਠ-ਪੁਸਤਕਾ ਦੇ ਪਾਠਾਂ ਦੇ ਆਧਾਰ ਤੇ 30-40 ਸ਼ਬਦਾ ਵਿੱਚ ਲਿਖੋ। 10x2=20

(a) "ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜ ਵਾਤ"

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ"

ਬਾਬਾ ਫਰੀਦ ਜੀ ਨੇ ਉਪਰੋਕਤ ਸਲੋਕ ਵਿੱਚ ਕੀ ਵਿਅੰਗ ਦੱਸਿਆ ਹੈ ?

(b) "ਨਾਨਕ ਦੁਨੀਆਂ ਚਾਰਿ ਦਿਹਾੜੇ ਸੁਖਿ ਕੀਤੈ ਦੁਖ ਹੋਈ"

ਗਲਾਂ ਵਾਲੇ ਹੈਨਿ ਘਣੇਰੇ ਛੋਡਿ ਨ ਸਕੈ ਕੋਈ॥"

ਸਖੀ ਮਿਠੈ ਸਰਣਾ ।

ਇਨ੍ਹਾਂ ਪੰਗਤੀਆ ਵਿੱਚ ਗੁਰੁ ਨਾਨਕ ਜੀ ਕੀ ਕਹਿ ਰਹੇ ਹਨ ?

(c) ਸ੍ਰ: ਗੁਰਬਕ਼ਸ ਸਿੰਘ ਪ੍ਰੀਤ ਲੜੀ ਜੀ ਆਪਣੀ ਦਾਦੀ ਜੀ ਵਾਰੇ ਕਹਿੰਦੇ ਹਨ " ਇਨ੍ਹਾਂ ਵਿੱਚ ਧਰਮ ਦੇ ਮਿੱਠੇ-ਮਿੱਠੇ ਭਰਮਾਂ ਦੀ ਪਵਿਤਰਤਾ ਹੈ " ਇਸ ਕਥਣ ਤੋਂ ਲੇਖਕ ਦਾ ਕੀ ਭਾਵ ਹੈ ?

(d) 'ਲੋਕ ਗੀਤ' ਦਾ ਕੀ ਮਹੱਤਵ ਹੈ ? ਸੰਖੇਪ ਵਿੱਚ ਲਿਖੋ ।

(e) ਬਾਬਾ ਜੀ ਦੇ ਨੌਕਰ ਰਾਮੂ ਦੇ ਦੱਸਣ ਅਨੁਸਾਰ ਰੇਲ ਹਾਦਸੇ ਉਪਰੰਤ ਇੱਕ ਔਰਤ ਪਾਗਲਾਂ ਵਾਂਗ ਕੀ ਲੱਭ ਰਹੀਸੀ ਤੇ ਕਿਉ ?

(f) ਵਿਗਿਆਪਨਾਂ ਲਈ ਅਨੁਵਾਦ ਦੀ ਕੀ ਮਹੱਤਤਾ ਹੈ ?

(g) 'ਪੇਸੀ ਦੇ ਨਿਆਣੇ' ਕਹਾਣੀ ਵਿੱਚ ਬੱਚਿਆ ਨੂੰ ਕਿਹੜੀ ਗੱਲ ਭਵ-ਸਾਗਰ ਜਿਤਨੀ ਵੱਡੀ ਲਗਦੀ ਸੀ।

(h) ਪੇਂਡੂ ਪੰਜਾਬੀ ਸਭਿਆਚਾਰ ਵਿੱਚ ਪ੍ਰਾਹੁਣਚਾਰੀ ਦੇ ਕਿਹੜੇ ਵਿਲੱਖਣ ਪੱਖ ਦਰਸਾਏ ਗਏ ਹਨ ? "ਭੂਆ" ਕਹਾਣੀ ਦੇ ਆਧਾਰ ਤੇ ਸ਼ੰਖੇਪ ਵਿੱਚ ਲਿਖੋ ।

(i) "ਕੁਲਫੀ" ਕਹਾਣੀ ਦਾ ਕਹਾਣੀਕਾਰ ਆਪਣੇ ਆਪ ਨੂੰ ਕਾਇਰ ਕਿਉਂ ਕਹਿੰਦਾ ਹੈ ?

(j) "ਅੱਥਰੂ ਡਾਇਰੀ" ਦਾ ਲੇਖਕ ਬਲਰਾਜ ਸਾਹਨੀ ਲਾਚਾਰ ਬੱਚੇ ਦੀ ਕੀ ਗੁਣਕੇ ਪਿਘਲ ਜਾਂਦਾ ਹੈ ?

20. ਹੇਠ ਲਿਖੇ ਪ੍ਰਸ਼ਨਾ ਦੇ ਉਤੱਰ 100-125 ਸ਼ਬਦਾ ਵਿੱਚ ਲਿਖੋ : 3x5=15

(a) ਪ੍ਰਿਸੀਪਲ ਤੇਜਾ ਸਿੰਘ ਅਨੁਸਾਰ 'ਸ਼ਾਉ' ਦਾ ਵੱਡਾ ਗੁਣ ਕੀ ਹੈ ?

(b) 'ਭਾਈ ਘਨੁਈਆ ਜੀ' ਇਕਾਂਗੀ ਦੇ ਮੁੱਖ ਪਾਤਰ 'ਬਾਬਾ ਜੀ' ਜੀ ਦਾ ਪਾਤਰ ਚਿਤਰਨ ਲਿਖੋ ।

(c) 'ਲੋਕ ਗੀਤ' ਕੀ ਹੁੰਦੇ ਹਨ । ਇਨ੍ਹਾਂ ਬਾਰੇ **100-125** ਸ਼ਬਦਾ ਵਿੱਚੋ ਲਿਖੋ।

21. ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾ ਵਿੱਚ ਲਿਖੋ : 2x8=16

(a) 'ਪੰਜਾਬ' ਲੋਕ ਗੀਤ ਵਿੱਚ ਫ਼ੀਰੋਜ਼ਦੀਨ ਸ਼ਰਫ਼ ਕਿਸ ਗੱਲ ਦਾ ਵਰਨਣ ਕਰਦਾ ਹੈ ?

(b) ਪੰਜਾਬੀ ਅਖਬਾਰਾਂ, ਪੰਜਾਬੀ ਸਾਹਿਤ ਤੇ ਸਭਿਆਚਾਰ ਦਾ ਵਿਸ਼ੇਸ਼ ਅੰਗ ਬਣੀਆ ਹੋਈਆ ਹਨ । ਪੰਜਾਬੀ ਦੀਆਂ ਕੋਈ ਚਾਰ ਅਖਬਾਰਾਂ ਦੇ ਯੋਗਦਾਨ ਬਾਰੇ ਲਿਖੋ ।



Unnati Educations
9899436384, 9654279279

**22.** **ਹੇਠ ਲਿਖੇ ਵਿਸਿਆਂ ਵਿੱਚੋ ਕਿਸੇ ਇੱਕ ਵਿਸ਼ੇ ਉੱਤੇ ਲਗਬਗ 200 ਸ਼ਬਦਾ ਭਾਵ-ਪੂਰਤ ਲੇਖ ਲਿਖੋ।** **10**

(a) ਜਗਤ ਗੁਰੂ ਨਾਨਕ ਦੇਵ ਜੀ (**550** ਵੀਂ ਸ਼ਤਾਬਦੀ ਵਾਰ੍ਹੇਂ) ।

(b) ਆਬਾਦੀ ਸਮੱਸਿਅਤ ਤੇ ਇਸ ਤੇ ਕੰਟਰੋਲ ਕਰਨ ਦੀ ਲੋੜ ।

(c) ਮੋਬਾਈਲ ਫੋਨ ਦੀ ਵੱਧ ਵਰਤੋਂ ਦੀ ਆਦਤ ਦੇ ਨੁਕਸਾਨ ।

(d) ਨਸ਼ਿਆ ਦੀ ਜਟਲ ਸਮੱਸਿਆ ਤੇ ਕਾਬੂ ਪਾਉਣ ਲਈ ਸੁਝਾਅ ।

**23.** ਡਾਕ ਵਿਭਾਗ ਦੇ ਮੁੱਖ ਅਧਿਕਾਰੀ ਨੂੰ ਆਪਣੇ ਇਲਾਕੇ ਦੇ ਡਾਕੀਏ ਪ੍ਰਸ਼ਸ਼ਾ ਕਰਕੇ ਪੱਤਰ ਭੇਜੋ । **6**

**ਜਾਂ**

ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਧਾਰਮਿਕ ਅਧਾਰਿਆਂ ਵੱਲੋਂ ਬੇ-ਲੋੜੇ ਲਾਉਡ ਸ਼ਪੀਕਰ ਨੂੰ ਬੰਦ ਕਰਵਾਉਣ ਦੀ ਆਸ ਕਰੋ ।

**ਵਿਕਲਪ – I**

**(ਅਨੁਵਾਦ)**

**24.** **ਹੇਠ ਲਿਖੇ ਪ੍ਰਸ਼ਨਾ ਦੇ ਉਤੱਰ 100-125 ਸ਼ਬਦਾ ਵਿੱਚ ਲਿਖੋ :** **3x5=15**

(a) ਵਿਸ਼ਵੀ ਕਰਨ ਦੇ ਦੌਰ ਵਿੱਚ ਵਿਗਿਆਪਨਾ ਦਾ ਸੰਸਾਰ ਤੇਜ਼ੀ ਨਾਲ ਫੈਲ ਰਿਹਾ ਹੈ । ਇਸ ਕਥਣ ਦੀ ਪ੍ਰੜੋਤਾ ਲਈ ਕਿੰਨਾਂ ਕਿੰਨਾ ਸਾਧਨਾ ਦੀ ਵਰਤੋਂ ਕੀਤੀ ਜਾ ਰਹੀ ਹੈ ?

(b) ਦੁ-ਭਾਸ਼ੀਆ ਕੌਣ ਹੁੰਦਾ ਹੈ ? ਦੋ-ਭਾਸ਼ੀਏ ਦਾ ਕੀ ਰੋਲ ਹੁੰਦਾ ਹੈ ?

(c) ਮੋਖਿਕ ਅਨੁਵਾਦ ਤੋਂ ਤੁਸੀ ਕੀ ਸਮਝੇ ਦੇ ਹੋ ? ਤੱਤਕਾਲ ਭਾਸ਼ਾ ਤਰਣ ਸਮੇਂ ਜ਼ਰੂਰੀ ਗੱਲਾਂ ਨੂੰ ਆਪਣੇ ਸ਼ਬਦਾ ਵਿੱਚ ਲਿਖੋ।

**ਜਾਂ**

**ਵਿਕਲਪ–II**

**(ਪੰਜਾਬੀ ਸਿਨੇਮਾ)**

(a) 'ਸਿਨੇਮਾਂ ਇੱਕ ਤੋਂ ਵਧੇਰੇ ਕਲਾਵਾਂ ਦਾ ਸੁਮੇਲ ਹੈ' ਇਨ੍ਹਾਂ ਕਲਾਵਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿਓ ?

(b) ਪੰਜਾਬੀ ਸਭਿਆਚਾਰ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਪੰਜਾਬੀ ਗੀਤਾਂ ਨੇ ਕਿਵੇਂ ਪੇਸ਼ ਕੀਤਾ ਹੈ ?

(c) ਸਿੱਖ ਇਤਿਹਾਸ ਸੰਬੰਧੀ ਲਿਖੇ ਨਾਟਕਾਂ ਦੀ ਵੱਖਰੀ ਪਛਾਣ ਹੈ ?

**- o O o -**



Unnati Educations
9899436384, 9654279279